**ਡਾਇਰੈਕਟੋਰੇਟ, ਪ੍ਰਸਾਸਨਿਕ ਸੁਧਾਰ , ਪੰਜਾਬ**
**ਪਲਾਟ ਨੰ: ਡੀ-241, ਇੰਡਸਟਰੀਅਲ ਏਰੀਆ, ਫੇਜ 8ਬੀ**
**ਸੈਕਟਰ 74, ਐਸ.ਏ.ਐਸ ਨਗਰ, ਮੋਹਾਲੀ**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ,
ਰਜਿਸਟਰਾਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ
ਜਿਲ੍ਹਾ ਅਤੇ ਸੈਸ਼ਨ ਜੱਜ, ਪੰਜਾਬ
ਮੰਡਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰ
ਉਪ ਮੰਡਲ ਅਫਸਰ ( ਸਿਵਲ )

ਮੀਮੋਂ ਨੰ : DGR-MISCODEPT/91/2019/8332
ਮਿਤੀ :- 30/12/2019

**ਵਿਸ਼ਾ :-** **ਡਾਇਰੈਕੇਟੋਰੇਟ,ਪ੍ਰਸਾਸਨਿਕ ਸੁਧਾਰ ਪੰਜਾਬ ਵਿੱਚ ਬਦਲੀ ਦੀ ਵਿਧੀ ਰਾਂਹੀਂ ਕਲਰਕਾਂ ਦੀ ਭਰਤੀ ਸਬੰਧੀ ।**

ਸ੍ਰੀ ਮਾਨ ਜੀ ,

ਡਾਇਰੈਕਟੋਰੇਟ , ਪ੍ਰਸਾਸਨਿਕ ਸੁਧਾਰ , ਪੰਜਾਬ ਦੇ ਦਫਤਰ ਵਿਖੇ ਕਲਰਕਾਂ ਤਨਖਾਹ ਸਕੇਲ 10300-34800+3200 ਗ੍ਰੇਡ ਪੇ ਦੀਆਂ ਕੁਝ ਖਾਲੀ ਆਸਾਮੀਆਂ ਨੂੰ, ਰਾਜ ਦੇ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਬਤੌਰ ਕਲਰਕ ਕੰਮ ਕਰ ਰਹੇ ਕਰਮਚਾਰੀਆਂ ਪਾਸੋਂ ਯੋਗ ਪ੍ਰਣਾਲੀ ਰਾਹੀਂ ਪ੍ਰਤੀਬੇਨਤੀਆਂ ਪ੍ਰਾਪਤ ਕਰਕੇ, ਬਦਲੀ ਦੀ ਵਿਧੀ ਰਾਹੀਂ, ਭਰਨ ਦਾ ਫੈਸਲਾ ਲਿਆ ਗਿਆ ਹੈ।ਇਛੁਕ ਉਮੀਦਵਾਰ ਦਾ ਪਰਖਕਾਲ ਸਮਾਂ ਤਸਲੀਬਖਸ ਢੰਗ ਨਾਲ ਪਾਰ ਕੀਤਾ ਹੋਇਆ ਹੋਣਾ ਲੋੜੀਂਦਾ ਹੈ । ਪ੍ਰਸਾਸਨਿਕ ਸੁਧਾਰ ਦੇ ਵਿਭਾਗੀ ਸੇਵਾ ਨਿਯਮਾਂ ਵਿੱਚ ਕਲਰਕਾਂ ਦੀ ਨਿਯੁਕਤੀ ਸਬੰਧੀ ਹੇਠ ਅਨੁਸਾਰ ਵਿਦਿਅਕ ਯੋਗਤਾਵਾ ਅਤੇ ਤਜਰਬੇ ਦਾ ਹੋਣਾ ਲੋੜੀਂਦਾ ਹੈ :-

**a)** Should possess Bachelor's degree from a recognised university or institution;

and

(b) Should possess at least one hundred and twenty hours course with hands on experience in the use of Personal Computers or Information technology in Office Productivity applications or Desktop Publishing applications from a Government recognized institution or a reqputed institution which is ISO 9001 certified.

Or

Should Possess a Compter Technology Course equivalent to 'O' level Certificate of Department of Electronics Accreditation of Computer Course (DOEACC) or Government of India.),

And

Should have before his appointment , qualified a typewirting test in Punjab and English at the speed of 30 and 40 word , respectively on computer or on manual or electronic typewiter, to be conducted by the Board ro the Appointing authority, as the case may be.

**2.** ਇਛੁਕ ਉਮੀਦਵਾਰ ਦੀ ਪ੍ਰਤੀਬੇਨਤੀ ਯੋਗ ਪ੍ਰਣਾਲੀ ਰਾਹੀਂ ਪੱਤਰ ਜਾਰੀ ਹੋਣ ਦੇ ਇੱਕ ਮਹੀਨੇ ਦੇ ਅੰਦਰ ਅੰਦਰ ਡਾਇਰੈਕਟੋਰੇਟ ਪ੍ਰਸ਼ਾਸਨਿਕ ਸੁਧਾਰ, ਪੰਜਾਬ ਪਲਾਟ ਨੰ: ਡੀ-241 ਇੰਡਸਟਰੀਅਲ ਏਰੀਆ ਫੇਸ 8ਬੀ ਸੈਕਟਰ 74, ਮੋਹਾਲੀ ਪਾਸ ਪੁਜਦੀ ਕੀਤੀ ਜਾਵੇ । ਅਧੂਰੀਆਂ ਅਤੇ ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ।

3. ਇਹ ਵੀ ਬੇਨਤੀ ਹੈ ਕਿ ਵਿਭਾਗ ਇਛੁਕ ਉਮੀਦਵਾਰਾਂ ਦੀਆਂ ਪ੍ਰਤੀਬੇਨਤੀਆਂ ਡਾਇਰੈਕਟਰ ਪ੍ਰਸਾਸਨਿਕ ਸੁਧਾਰ ਨੂੰ ਭੇਜਣ ਦੇ ਨਾਲ ਨਾਲ ਉਮੀਦਵਾਰ ਦੇ ਸੇਵਾ ਵੇਰਵੇ ਵੀ ਉਪਲਬਧ ਕਰਵਾਉਣ ਦੀ ਖੇਚਲ ਕਰਨ ਅਤੇ ਇਹ ਵੀ ਸਪਸ਼ਟ ਕੀਤਾ ਜਾਵੇ ਕਿ ਉਮੀਦਵਾਰ ਵਿਰੁਧ ਕੋਈ ਵੀ ਵਿਭਾਗੀ/ ਚੋਕਸੀ ਪੜਤਾਲ ਲੰਬਿਤ ਨਹੀਂ ਹੈ ਅਤੇ ਨਾਂ ਹੀ ਵਿਭਾਗ ਵਲੋਂ ਉਸ ਵਿਰੁਧ ਕੋਈ ਅਨੁਸ਼ਾਸਨੀ ਕਾਰਵਾਈ ਕੀਤੀ ਜਾਣੀ ਹੈ । ਉਮੀਦਵਾਰ ਦੀਆਂ ਵਿਦਿਅਕ ਯੋਗਤਾਵਾਂ ਨਾਲ ਸਬੰਧਤ ਸਰਟੀਫਿਕੇਟਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਭੇਜਣ ਦੇ ਨਾਲ ਨਾਲ ਸਲਾਨਾਂ ਗੁਪਤ ਰਿਪੋਰਟਾਂ ਦਾ ਸਾਰ ਭੇਜਣ ਦੀ ਵੀ ਖੇਚਲ ਕੀਤੀ ਜਾਵੇ।

4. ਬਦਲੀ ਦੀ ਵਿਧੀ ਰਾਹੀਂ ਨਿਯੁਕਤੀ ਲਈ ਯੋਗ ਪਾਏ ਗਏ ਉਮੀਦਵਾਰਾਂ ਦਾ ਅੰਗਰੇਜੀ ਅਤੇ ਪੰਜਾਬੀ ਵਿੱਚ ਕੰਪਿਊਟਰ ਤੇ ਟਾਇਪ ਟੈਸਟ ਵੀ ਲਿਆ ਜਾਵੇਗਾ , ਜਿਸ ਬਾਰੇ ਉਹਨਾਂ ਨੂੰ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ ।

**ਡਿਪਟੀ ਡਾਇਰੈਕਟਰ**